# ਰਾਜ ਸਾਇੰਸ ਸਿੱਖਿਆ ਸੰਸਥਾ, ਪੰਜਾਬ

ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8,ਮੋਹਾਲੀ।

ਫੋਨ ਨੰ: 0172-2210144, 0172-2210077. e-mail : sisepunjab@yahoo.com

**ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ -2016-17**

**(ਕੇਵਲ ਅੱਠਵੀਂ ਅਤੇ ਦਸਵੀਂ ਸ੍ਰੇਣੀ ਦੇ ਵਿਦਿਆਰਥੀਆਂ ਲਈ)**

ਰਾਜ ਸਾਇੰਸ ਸਿੱਖਿਆ ਸੰਸਥਾ (ਐਸ.ਸੀ.ਈ.ਆਰ.ਟੀ.), ਪੰਜਾਬ ਅਜੀਤਗੜ੍ਹ ਵੱਲੋਂ ਰਾਜ ਪੱਧਰ ਦੀ ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ (PSTSE) 2016-17 (ਅੱਠਵੀਂ ਅਤੇ ਦੱਸਵੀਂ) ਮਿਤੀ 22-01-2017 (ਦਿਨ ਐਤਵਾਰ) ਨੂੰ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ 8ਵੀਂ ਅਤੇ 10ਵੀਂ ਜਮਾਤ ਦੇ ਵਿਦਿਆਰਥੀਆਂ ਲਈ ਕਰਵਾਈ ਜਾਣੀ ਹੈ। ਇਸ ਵਜੀਫਾ ਪ੍ਰੀਖਿਆ ਦੁਆਰਾ 500 ਵਿਦਿਆਰਥੀ ਅੱਠਵੀਂ ਸ੍ਰੇਣੀ ਦੇ ਅਤੇ 500 ਵਿਦਿਆਰਥੀ ਦਸਵੀਂ ਸ੍ਰੇਣੀ ਦੇ ਮੈਰਿਟ ਦੇ ਆਧਾਰ ਤੇ ਚੁਣੇ ਜਾਣਗੇ। ਪੰਜਾਬ ਰਾਜ ਵਿੱਚ ਸਥਿਤ ਸਾਰੇ ਸਰਕਾਰੀ ਸਕੂਲਾਂ ਦੇ 8ਵੀਂ ਸ੍ਰੇਣੀ ਅਤੇ ਦਸਵੀਂ ਸ੍ਰੇਣੀ ਵਿੱਚ ਪੜ੍ਹਦੇ ਉਹ ਵਿਦਿਆਰਥੀ ਇਸ ਪ੍ਰੀਖਿਆ ਵਿੱਚ ਬੈਠ ਸਕਦੇ ਹਨ, ਜਿਨ੍ਹਾਂ ਨੇ 7ਵੀਂ ਸ੍ਰੇਣੀ ਅਤੇ ਨੌਵੀਂ ਸ੍ਰੇਣੀ ਦੀ ਸਾਲਾਨਾ ਪ੍ਰੀਖਿਆ ਵਿੱਚ 55% ਨੰਬਰ ( ਜਨਰਲ ਕੈਟਾਗਿਰੀ ਲਈ) ਅਤੇ 50% ਨੰਬਰ (ਰਾਖਵੀਆਂ ਸ੍ਰੇਣੀਆਂ ਲਈ) ਪ੍ਰਾਪਤ ਕੀਤੇ ਹਨ। ਵਜੀਫਾ 200/-ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ 9ਵੀਂ/11ਵੀਂ ਸ੍ਰੇਣੀ ਤੋਂ ਸ਼ੁਰੂ ਹੋ ਕੇ 12ਵੀਂ ਸ੍ਰੇਣੀ ਤੱਕ ਮਿਲੇਗਾ। ਇਸ ਪ੍ਰੀਖਿਆ ਲਈ ਮਾਪਿਆਂ ਦੀ ਸਾਲਾਨਾ ਆਮਦਨ ਦੀ ਕੋਈ ਹੱਦ ਬੰਦੀ ਨਹੀਂ ਹੋਵੇਗੀ।

**ਪ੍ਰੀਖਿਆ, ਸਿਲੇਬਸ ਅਤੇ ਮਾਧਿਅਮ:** ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ ਦੇ ਪ੍ਰਸਨ ਪੱਤਰ ਵਿੱਚ (1) ਮਾਨਸਿਕ ਯੋਗਤਾ ਦਾ ਟੈਸਟ (MAT)- 50 ਪ੍ਰਸਨ ਇੱਕ ਨੰਬਰ ਵਾਲੇ ( ਮਲਟੀਪਲ ਚੁਆਇਸ ) ਹੋਣਗੇ। ਇੱਕ ਸਹੀ ਉੱਤਰ ਦਾ ਇੱਕ ਅੰਕ ਦਿੱਤਾ ਜਾਵੇਗਾ। ਉਮੀਦਵਾਰ ਨੂੰ ਹਦਾਇਤ ਅਨੁਸਾਰ ਪ੍ਰਸਨ ਦਾ ਉੱਤਰ ਇੱਕ ਵੱਖਰੀ ਸੀਟ (OMR) ਤੇ ਦੇਣਾ ਹੋਵੇਗਾ। (2) ਵਿਸਿਆਂ ਦੀ ਯੋਗਤਾ ਦਾ ਟੈਸਟ (SAT) -90ਪ੍ਰਸਨ ਇੱਕ ਨੰਬਰ ਵਾਲੇ( ਮਲਟੀਪਲ ਚੁਆਇਸ ) ਹੋਣਗੇ। (3) ਭਾਸਾ (ਅੰਗਰੇਜੀ, ਪੰਜਾਬੀ ਅਤੇ ਹਿੰਦੀ) ਵਿਸੇ -40 ਅੰਕਾਂ ਦੇ ਹਨ। ਭਾਸਾ (ਅੰਗਰੇਜੀ, ਪੰਜਾਬੀ ਅਤੇ ਹਿੰਦੀ) ਦੇ ਵਿਸਿਆਂ ਦੇ ਕੁਆਲੀਫਾਇੰਗ ਅੰਕ ਪ੍ਰਾਪਤ ਕਰਨੇ ਜਰੂਰੀ ਹਨ । ਅੰਗਰੇਜੀ, ਪੰਜਾਬੀ ਅਤੇ ਹਿੰਦੀ ਵਿਸੇ ਦੇ ਜਨਰਲ ਕੈਟਾਗਰੀ ਲਈ ਕੁਆਲੀਫਾਇੰਗ ਅੰਕ 40% = 16 ਅੰਕ ਅਤੇ ਰਾਖਵੀਂ ਸ੍ਰੇਣੀ ਲਈ ਕੁਆਲੀਫਾਇੰਗ ਅੰਕ 32% = 13 ਅੰਕ ਹਨ। ਵਿਸਿਆਂ ਦੀ ਯੋਗਤਾ ਦੇ ਟੈਸਟ ਅਤੇ ਭਾਸਾ ਦੇ ਵਿਸਿਆਂ ਲਈ 8ਵੀਂ ਸ੍ਰੇਣੀ ਦੇ ਵਿਦਿਆਰਥੀਆਂ ਲਈ 7ਵੀਂ ਅਤੇ 8ਵੀਂ ਸ੍ਰੇਣੀ ਦੇ ਪੱਧਰ ਦੇ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਜੀਵ ਵਿਗਿਆਨ, ਗਣਿਤ, ਇਤਿਹਾਸ, ਭੂਗੋਲ, ਨਾਗਰਿਕ ਸਾਸਤਰ, ਅੰਗਰੇਜੀ,ਪੰਜਾਬੀ ਅਤੇ ਹਿੰਦੀ ਵਿਸੇ ਹੋਣਗੇ ਅਤੇ 10ਵੀਂ ਸ੍ਰੇਣੀ ਦੇ ਵਿਦਿਆਰਥੀਆਂ ਲਈ 9ਵੀਂ ਅਤੇ 10ਵੀਂ ਸ੍ਰੇਣੀ ਦੇ ਪੱਧਰ ਦੇ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਜੀਵ ਵਿਗਿਆਨ, ਗਣਿਤ, ਇਤਿਹਾਸ, ਭੂਗੋਲ, ਅਰਥ ਸਾਸਤਰ, ਨਾਗਰਿਕ ਸਾਸਤਰ, ਅੰਗਰੇਜੀ,ਪੰਜਾਬੀ ਅਤੇ ਹਿੰਦੀ ਵਿਸੇ ਹੋਣਗੇ।

ਪ੍ਰੀਖਿਆ ਦਾ ਮਾਧਿਅਮ ਪੰਜਾਬੀ ਹੋਵੇਗਾ।

**ਪ੍ਰੀਖਿਆ ਦਾ ਸਮਾਂ:-** ਤਿੰਨ ਘੰਟੇ ।

**ਫੀਸ:-** **ਇਸ ਪ੍ਰੀਖਿਆ ਦੀ ਕੋਈ ਦਾਖਲਾ ਫੀਸ ਨਹੀਂ ਹੋਵੇਗੀ।**

**ਰਜਿਸਟ੍ਰੇਸਨ ਫਾਰਮ:-** ਵਿਦਿਆਰਥੀਆਂ ਦੇ ਰਜਿਸਟ੍ਰੇਸਨ ਫਾਰਮ ਸਕੂਲਾਂ ਵੱਲੋਂ ਸਿੱਖਿਆ ਵਿਭਾਗ ਦੇ ਪੋਰਟਲ www.epunjabschool.gov.in ਉੱਤੇ ਸਕੂਲ login ਅਧੀਨ ਮਿਤੀ 08-11-2016 ਤੋਂ 08-12-2016 ਤੱਕ online ਭਰੇ ਜਾ ਸਕਦੇ ਹਨ। ਸਕੂਲ ਪ੍ਰੀਖਿਆਰਥੀ ਆਪਣੇ ਐਡਮਿਟ ਕਾਰਡ 20-12-2016 ਤੋਂ download ਕਰ ਸਕਦੇ ਹਨ।

ਕੋਈ ਵੀ ਫਾਰਮ ਰਾਜ ਸਾਇੰਸ ਸਿੱਖਿਆ ਸੰਸਥਾ, ਪੰਜਾਬ, ਪੰਜਾਬ ਸਕੂਲ ਸਿੱਖਿਆ ਬੋਰਡ, ਬਲਾਕ-ਈ, ਛੇਵੀਂ ਮੰਜਿਲ, ਅਜੀਤਗੜ੍ਹ ਵਿਖੇ ਨਾ ਭੇਜਿਆ ਜਾਵੇ।

**ਰਾਖਵਾਂਕਰਨ:-** ਕੁੱਲ ਸੀਟਾਂ ਦਾ 25% ਅਨੁਸੂਚਿਤ ਜਾਤੀ, 5% ਪਛੜੀਆਂ ਸ੍ਰੇਣੀਆਂ ਅਤੇ 3% ਸਰੀਰਕ ਰੂਪ ਤੋਂ ਵਿਕਲਾਂਗ ਵਿਦਿਆਰਥੀਆਂ (1% ਸੁਣਨ ਤੋਂ ਅਸਮਰਥ, 1% ਚੱਲਣ ਫਿਰਨ ਤੋਂ ਅਸਮਰਥ, 1% ਵੇਖਣ ਤੋਂ ਅਸਮਰਥ) ਲਈ ਰਾਖਵੀਆਂ ਰੱਖੀਆਂ ਗਈਆਂ ਹਨ। ਐਸ.ਸੀ./ਬੀ.ਸੀ. ਅਤੇ ਸਰੀਰਕ ਵਿਕਲਾਂਗ ਵਿਦਿਆਰਥੀ ਸਬੰਧਤ ਅਧਿਕਾਰੀਆਂ ਤੋਂ ਜਾਰੀ ਹੋਏ ਸਰਟੀਫਿਕੇਟ ਦੀ ਤਸਦੀਕਸੁਦਾ ਕਾਪੀ ਫਾਰਮ ਨਾਲ ਨੱਥੀ ਕਰਨ। ਵਿਕਲਾਂਗ ਵਿਦਿਆਰਥੀਆਂ ਦੇ ਸਰਟੀਫਿਕੇਟ ਤੇ ਸਬੰਧਤ ਸਰਟੀਫਿਕੇਟ ਜਾਰੀ ਕਰਤਾ ਵੱਲੋਂ ਇਹ ਤਸਦੀਕ ਕੀਤਾ ਹੋਵੇ ਕਿ ਵਿਦਿਆਰਥੀ ਦੀ ਵਿਕਲਾਂਗਤਾ 40% ਜਾਂ ਇਸ ਤੋਂ ਵੱਧ ( PWD Disability Act ਤਹਿਤ ) ਹੈ।

ਡਿਪਟੀ ਡਾਇਰੈਕਟਰ

ਰਾਜ ਸਾਇੰਸ ਸਿੱਖਿਆ ਸੰਸਥਾ, ਪੰਜਾਬ, ਅਜੀਤਗੜ੍ਹ।